**ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ**

**ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ**

**ਨੰ. ਐਫ.2/07/2020/ਐਸ–1/96** **ਮਿਤੀ 24.04.2020**

**ਹੁਕਮ**

ਜਦੋਂ ਕਿ, ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਕੋਵਿਡ–19 ਮਹਾਮਾਰੀ ਦੇ ਫੈਲਣ ਤੋਂ ਚਿੰਤਤ ਹੈ, ਜਿਸ ਨੂੰ ਵਿਸ਼ਵ ਸਿਹਤ ਸੰਗਠਨ ਦੁਆਰਾ ਪਹਿਲਾਂ ਹੀ ਆਲਮੀ ਮਹਾਮਾਰੀ ਐਲਾਨ ਕੀਤਾ ਜਾ ਚੁੱਕਿਆ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਵਿਚ ਇਸ ਮਹਾਮਾਰੀ ਨੂੰ ਫੈਲਣ ਤੋਂ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ ਜਾਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ।

ਇਸ ਸਥਿਤੀ ਨਾਲ ਨਿਪਟਣ ਲਈ ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ ਨੇ ਸਮੇਂ-ਸਮੇਂ ਸੰਬੰਧਿਤ ਵਿਭਾਗਾਂ ਨੂੰ ਉਚਿਤ ਉਪਾਅ ਕਰਨ ਲਈ ਵੱਖ-ਵੱਖ ਹਿਦਾਇਤਾਂ ਜਾਰੀ ਕੀਤੀਆਂ ਹਨ।

ਅਤੇ ਜਦੋਂ ਕਿ ਉਤਰਵਰਤੀ ਨੰ. ਐਫ 02/07/2020/ਐਸ-ਆਈ/83 ਮਿਤੀ 23.4.2020 ਦੇ ਨਾਲ ਪੜ੍ਹਿਆ ਗਿਆ ਹੁਕਮ ਨੰ. 2/07/2020/ਐਸ-ਆਈ/53 ਮਿਤੀ 15.04.2020 ਦੁਆਰਾ ਕੋਵਿਡ–19 ਨੂੰ ਕੰਟਰੋਲ ਕਰਨ ਲਈ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੇ ਵਿਭਾਗਾਂ ਦੁਆਰਾ ਕੀਤੇ ਜਾਣੇ ਵਾਲੇ ਪ੍ਰਬੰਧਾਂ ਨਾਲ ਸੰਬੰਧਿਤ ਏਕੀਕ੍ਰਿਤ ਸੋਧੇ ਦਿਸ਼ਾ-ਨਿਰਦੇਸ਼ਾਂ ਨੂੰ ਜਾਰੀ ਕੀਤਾ ਗਿਆ।

ਅਤੇ ਜਦੋਂ ਕਿ, ਗ੍ਰਹਿ ਮੰਤਰਾਲੇ ਦੇ ਪੱਤਰ ਨੰ. 21.04.2020 ਦੁਆਰਾ ਇਹ ਜਾਣੂੰ ਕਰਵਾਇਆ ਗਿਆ ਹੈ ਕਿ ਉਪਰੋਕਤ ਹੁਕਮਾਂ ਦੇ ਤਹਿਤ ਜਾਰੀ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਵਿਚ ਪਹਿਲਾਂ ਤੋਂ ਆਗਿਆ ਪ੍ਰਾਪਤ ਸ਼੍ਰੇਣੀਆਂ ਦੇ ਅੰਦਰ ਵਿਸ਼ੇਸ਼ ਸੇਵਾਵਾਂ/ਗਤੀਵਿਧੀਆਂ ਦੀ ਛੋਟ ਸੰਬੰਧੀ ਕੁਝ ਪ੍ਰਸ਼ਨ ਪ੍ਰਾਪਤ ਹੋਏ ਹਨ ;

ਅਤੇ ਜਦੋਂ ਕਿ, ਇਹ ਸਪੱਸ਼ਟ ਕੀਤਾ ਗਿਆ ਹੈ ਕਿ :

(ੳ) ਭਾਗ 8 (1) ਦੇ ਅੰਤਰਗਤ ਸਮਾਜਿਕ ਖੇਤਰ ਵਿਚ ਉਨ੍ਹਾਂ ਦੇ ਘਰਾਂ ਵਿਚ ਰਹਿਣ ਵਾਲੇ ਬਜ਼ੁਰਗ ਨਾਗਰਿਕਾਂ ਦੇ ਬੈੱਡ ਸਾਈਡ ਅਟੈਂਡੈਂਟ ਅਤੇ ਕੇਅਰ ਗਿਵਰਸ ਸ਼ਾਮਲ ਹਨ।

(ਅ) ਭਾਗ 11(5) ਦੇ ਤਹਿਤ ਸਰਬਜਨਿਕ ਉਪਯੋਗਤਾਵਾਂ ਵਿਚ ਪ੍ਰੀ-ਪੇਡ ਮੋਬਾਈਲ ਕਨੈਕਸ਼ਨ ਦੇ ਰੀ-ਚਾਰਜ ਸਹੂਲਤਾਂ ਸ਼ਾਮਲ ਹਨ।

(ੲ) ਭਾਗ 13(1) ਦੇ ਤਹਿਤ ਜ਼ਰੂਰੀ ਸਮਾਨ ਦੀ ਸਪਲਾਈ ਵਿਚ ਸ਼ਹਿਰੀ ਖੇਤਰਾਂ ਵਿਚ ਮੌਜੂਦ ਫੂਡ ਪ੍ਰੋਸੈਸਿੰਗ ਯੂਨਿਟ ਸ਼ਾਮਲ ਹਨ ਜਿਵੇਂ ਕਿ ਬ੍ਰੈੱਡ ਕਾਰਖਾਨੇ, ਦੁੱਧ ਪ੍ਰੋਸੈਸਿੰਗ ਯੂਨਿਟ, ਆਟਾ ਮਿੱਲਾਂ, ਦਾਲ ਮਿੱਲਾਂ ਆਦਿ।

ਅਤੇ ਜਦੋਂ ਕਿ ਆਫ਼ਤ ਪ੍ਰਬੰਧਨ ਐਕਟ, 2005 ਦੀ ਧਾਰਾ 22 ਦੇ ਤਹਿਤ ਮੌਜੂਦ ਸ਼ਕਤੀਆਂ ਦਾ ਪਾਲਨ ਕਰਦੇ ਹੋਏ, ਰਾਜ ਕਾਰਜਕਾਰੀ ਸਮਿਤੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੇ ਮੁਖੀ ਦੇ ਰੂਪ ਵਿਚ ਨਿਮਨ ਹਸਤਾਖ਼ਰੀ, ਇਸ ਦੁਆਰਾ ਸੰਬੰਧਿਤ ਅਥਾਰਟੀਆਂ ਨੂੰ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ ਕਿ ਇਨ੍ਹਾਂ ਸਪੱਸ਼ਟੀਕਰਨਾਂ ਨੂੰ ਆਪਣੇ ਜ਼ਿਲ੍ਹਾ ਅਧਿਕਾਰੀਆਂ ਅਤੇ ਖੇਤਰੀ ਦਫ਼ਤਰਾਂ ਦੀ ਜਾਣਕਾਰੀ ਵਿਚ ਲਿਆਂਦਾ ਜਾਵੇ ਤਾਂ ਕਿ ਜ਼ਮੀਨੀ ਪੱਧਰ 'ਤੇ ਅਸਪੱਸ਼ਟਤਾ ਤੋਂ ਬਚਿਆ ਜਾ ਸਕੇ।

(ਵਿਜੇ ਦੇਵ)
ਮੁੱਖ ਸਕੱਤਰ, ਦਿੱਲੀ

ਸੇਵਾ ਵਿਚ :

1 ਸਾਰੇ ਵਧੀਕ ਮੁੱਖ ਸਕੱਤਰ/ਮੁੱਖ ਸਕੱਤਰ/ਸਕੱਤਰ/ਵਿਭਾਗਾਂ ਦੇ ਮੁਖੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

2 ਪੁਲੀਸ ਕਮਿਸ਼ਨਰ, ਦਿੱਲੀ।

3 ਮੁਖੀ, ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ।

4 ਨਿਰਦੇਸ਼ਕ, ਸੂਚਨਾ ਅਤੇ ਪ੍ਰਚਾਰ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਨੂੰ ਵਿਆਪਕ ਪ੍ਰਚਾਰ ਲਈ।

5 ਕਮਿਸ਼ਨਰ (ਦਿੱਲੀ ਨਗਰ ਨਿਗਮ/ਪੂਰਬੀ ਦਿੱਲੀ ਨਗਰ ਨਿਗ/ਉੱਤਰੀ ਦਿੱਲੀ ਨਗਰ ਨਿਗਮ)।

6 ਸੀ.ਡੀ.ਓ., ਦਿੱਲੀ ਕੈਂਟ ਬੋਰਡ।

ਸੂਚਨਾ ਹਿੱਤ ਕਾਪੀ

1 ਮੁੱਖ ਸਕੱਤਰ, ਮਾਣਯੋਗ ਉੱਪ-ਰਾਜਪਾਲ, ਦਿੱਲੀ।

2 ਵਧੀਕ ਸਕੱਤਰ, ਮਾਣਯੋਗ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

3 ਸਕੱਤਰ, ਮਾਣਯੋਗ ਉੱਪ ਮੁੱਖ-ਮੰਤਰੀ/ਵਿੱਤ ਮੰਤਰੀ, ਰਾਸ਼ਟਰੀ ਰਾਜਧਾਨੀ, ਖੇਤਰ, ਦਿੱਲੀ ਸਰਕਾਰ।

4 ਸਕੱਤਰ, ਮਾਣਯੋਗ ਸਿਹਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

5 ਸਕੱਤਰ, ਮਾਣਯੋਗ ਕਿਰਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

6 ਸਕੱਤਰ, ਮਾਣਯੋਗ ਵਿੱਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

7 ਸਕੱਤਰ, ਮਾਣਯੋਗ ਸਮਾਜ ਕਲਿਆਣ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

8 ਸਕਤਰ, ਮਾਣਯੋਗ ਫੂਡ ਅਤੇ ਸਪਲਾਈ ਮੰਤਰੀ, ਰਾਸ਼ਟਰੀ ਰਾਜਧਾਲੀ ਖੇਤਰ, ਦਿੱਲੀ ਸਰਕਾਰ।

9 ਵਧੀਕ ਮੁੱਖ ਸਕੱਤਰ (ਗ੍ਰਹਿ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

10 ਮੁੱਖ ਸਕੱਤਰ (ਸਿਹਤ ਅਤੇ ਪਰਿਵਾਰ ਕਲਿਆਣ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

11 ਮੁੱਖ ਸਕੱਤਰ (ਮਾਲੀਆ)-ਸਹਿ-ਮੰਡਲੀ ਕਮਿਸ਼ਨਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

12 ਰਾਜ ਕਾਰਜਕਾਰੀ ਸਮਿਤੀ, ਸਾਰੇ ਮੈਂਬਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

13 ਨਿਦੇਸ਼ਕ, ਸੂਚਨਾ ਅਤੇ ਪ੍ਰਚਾਰ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਨੂੰ ਵਿਆਪਕ ਪ੍ਰਚਾਰ ਲਈ।

14 ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈੱਬ-ਸਾਈਟ 'ਤੇ ਅੱਪਲੋਡ ਕਰਨ ਲਈ।

15 ਗਾਰਡ ਫਾਈਲ।